# Telephone conversation between Prime Minister and PM of Kuwait

April 01, 2020

……………………………………………………………………………………………

## ਪ੍ਰਧਾਨ ਮੰਤਰੀ ਅਤੇ ਕੁਵੈਤ ਦੇ ਪ੍ਰਧਾਨ ਮੰਤਰੀ ਵਿਚਾਲੇ ਟੈਲੀਫੋਨ 'ਤੇ ਗੱਲਬਾਤ

01 ਅਪ੍ਰੈਲ, 2020

ਪ੍ਰਧਾਨ ਮੰਤਰੀ ਨੇ ਅੱਜ ਕੁਵੈਤ ਰਾਜ ਦੇ ਪ੍ਰਧਾਨ ਮੰਤਰੀ ਹਿਜ਼ ਹਾਈਨੈੱਸ ਸ਼ੇਖ ਸਬਾਹ ਅਲ-ਖਾਲਦ ਅਲ-ਹਮਦ ਅਲ ਸਬਾਹ ਨਾਲ ਟੈਲੀਫੋਨ ਰਾਹੀਂ ਗੱਲਬਾਤ ਕੀਤੀ।

ਪ੍ਰਧਾਨ ਮੰਤਰੀ ਨੇ ਹਿਜ਼ ਹਾਈਨੈੱਸ ਕੁਵੈਤੀ ਅਮੀਰ, ਸ਼ਾਹੀ ਪਰਿਵਾਰ ਅਤੇ ਕੁਵੈਤੀ ਲੋਕਾਂ ਦੀ ਚੰਗੀ ਸਿਹਤ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਕੁਵੈਤ ਦੇ ਭਾਰਤ ਦੇ ਵਿਸਥਾਰਿਤ ਗੁਆਂਢ ਦਾ ਮਹੱਤਵਪੂਰਨ ਮੈਂਬਰ ਹੋਣ ਵਜੋਂ ਇਸ  ਨਾਲ ਸੰਬੰਧਾਂ ਪ੍ਰਤੀ ਭਾਰਤ ਵੱਲੋਂ ਦਿੱਤੇ ਜਾਂਦੇ ਮਹੱਤਵ 'ਤੇ ਜ਼ੋਰ ਦਿੱਤਾ।

ਦੋਨਾਂ ਆਗੂਆਂ ਨੇ ਮੌਜੂਦਾ ਕੋਵਿਡ -19 ਮਹਾਂਮਾਰੀ ਦੇ ਘਰੇਲੂ ਅਤੇ ਅੰਤਰਰਾਸ਼ਟਰੀ ਪੱਖਾਂ ਬਾਰੇ ਵਾਰਤਾ ਕੀਤੀ। ਉਨ੍ਹਾਂ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਕਿ ਉਨ੍ਹਾਂ ਦੇ ਅਧਿਕਾਰੀ ਸਿਹਤ ਸੰਬੰਧੀ ਇਸ ਸੰਕਟ ਦੌਰਾਨ ਆਪਸ ਵਿੱਚ ਨਿਯਮਿਤ ਸੰਪਰਕ ਬਣਾਈ ਰੱਖਣਗੇ ਤਾਂ ਜੋ ਜਾਣਕਾਰੀ ਦਾ ਵਟਾਂਦਰਾ ਹੋ ਸਕੇ ਅਤੇ ਭਾਈਵਾਲੀ ਅਤੇ ਆਪਸੀ ਮਦਦ ਕਰਨ ਦੇ ਮੌਕਿਆਂ ਦੀ ਭਾਲ ਕੀਤੀ ਜਾ ਸਕੇ।

ਹਿਜ਼ ਹਾਈਨੈੱਸ ਕੁਵੈਤੀ ਪ੍ਰਧਾਨ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕੁਵੈਤ ਰਾਜ ਕੁਵੈਤ ਅੰਦਰ ਰਹਿ ਰਹੇ ਵੱਡੇ ਭਾਰਤੀ ਭਾਈਚਾਰੇ ਦੇ ਯੋਗਦਾਨ ਦੀ ਬਹੁਤ ਕਦਰ ਕਰਦਾ ਹੈ ਅਤੇ ਮੌਜੂਦਾ ਹਾਲਤ ਵਿੱਚ ਉਨ੍ਹਾਂ ਦੀ ਸੁਰੱਖਿਆ ਅਤੇ ਖ਼ੈਰੀਅਤ ਨੂੰ ਯਕੀਨੀ ਬਣਾਉਂਦਾ ਰਹੇਗਾ। ਭਰੋਸੇ ਭਰੇ ਇਨ੍ਹਾਂ ਮਿੱਠੇ ਸ਼ਬਦਾਂ ਲਈ ਪ੍ਰਧਾਨ ਮੰਤਰੀ ਨੇ ਉਨ੍ਹਾਂ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕੀਤਾ ਅਤੇ ਉਨ੍ਹਾਂ ਦੀ ਸ਼ਲਾਘਾ ਕੀਤੀ।

ਨਵੀਂ ਦਿੱਲੀ
01 ਅਪ੍ਰੈਲ, 2020

DISCLAIMER : This is an approximate translation. The original is available in English on MEA's website and may be referred to as the official press release.